# ਦਫਤਰ ਡਾਇਰੈਕਟਰ ਸਿੱਖਿਆ ਵਿਭਾਗ (ਸੈ.ਸਿੱ), ਪੰਜਾਬ

ਵੱਲ

1. ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ), ਪੰਜਾਬ।
2. ਸਮੂਹ ਜਿਲ੍ਹਾ ਸਿੱਖਿਆ ਅਫਸਰ (ਐ.ਸਿ), ਪੰਜਾਬ।
3. ਸਮੂਹ ਸਕੂਲ ਮੁੱਖੀ।
4. ਸਮੂਹ ਬਲਾਕ ਪ੍ਰਾਇਮਰੀ ਸਿੱਖਿਆ ਅਫਸਰ, ਪੰਜਾਬ।

**ਮੀਮੋਨੰ:DySPD (PEDB)/2021/** 74141

**ਮਿਤੀ: 27.02.2021**

**ਵਿਸ਼ਾ: ਅਧਿਅਪਕਾਂ ਦੀਆਂ ਬਦਲੀਆਂ ਸਬੰਧੀ।**

**ਹਵਾਲਾ**: ਇਸ ਦਫਤਰ ਦਾ ਪੱਤਰ ਨੰ: DySPD (PEDB)/ 2021/ 67091, ਮਿਤੀ: 22.02.2021

1.0 ਉਪਰੋਕਤ ਵਿਸ਼ੇ ਅਤੇ ਹਵਾਲਾ ਅਧੀਨ ਜਨਤੱਕ ਸੂਚਨਾ ਰਾਹੀਂ ਵਿਭਾਗ ਵੱਲੋਂ ਸਾਲ 2021-22 ਦੌਰਾਨ ਜੋ ਅਧਿਆਪਕ, ਕੰਪਿਊਟਰ ਫੈਕਲਟੀ ਅਤੇ Education Provider, EGS/AIE/STR Volunteers ਪਾਲਿਸੀ ਅਨੁਸਾਰ ਕਵਰ ਹੁੰਦੇ ਹਨ ਅਤੇ ਬਦਲੀ ਕਰਵਾਉਣਾ ਚਾਹੁੰਦੇ ਹਨ ਉਹਨਾਂ ਤੋਂ **ਇਸ ਦਫਤਰ ਦੀ ਮੀਮੋ ਨੰ: DySPD (PEDB)/2020/115482, ਮਿਤੀ** 18.05.2020 **ਅਤੇ DySPD (PEDB)/2021/40954, ਮਿਤੀ 06.02.2021** ਰਾਹੀਂ ਜਾਰੀ ਕੀਤੀ ਜਨਤਕ ਸੂਚਨਾ ਰਾਹੀਂ ਬਦਲੀ ਲਈ ਦਰਖਾਸਤਾਂ ਦਿੱਤੀਆਂ ਹਨ ਤੋਂ Station Choice ਮੰਗੀ ਗਈ ਸੀ।

2.0 ਅਧਿਆਪਕਾਂ ਵੱਲੋਂ ਵਿਭਾਗ ਨੂੰ Transfer helpline number ਨਾਲ ਸੰਪਰਕ ਕਰਕ ਬਹੁਤ ਸਾਰੇ ਪ੍ਰਸ਼ਨ ਪੁੱਛੇ ਜਾ ਰਹੇ ਹਨ, ਜਿਨ੍ਹਾਂ ਦੇ ਜੁਆਬ ਹੇਠ ਲਿਖੇ ਅਨੁਸਾਰ ਹਨ:

<table>
<tr><td>ਲੜੀ ਨੰ</td><td>ਪ੍ਰਸ਼ਨ</td><td>ਵਿਸ਼ੇਸ਼ ਕਥਨ</td></tr>
<tr><td>1</td><td>ਕਈ ਸੀਨੀਅਰ ਸੈਕੰਡਰੀ ਸਕੂਲਾਂ ਵਿੱਚ ਅਸਾਮੀਆਂ ਖਾਲੀ ਹਨ ਪਰ ਬਦਲੀ ਕਰਵਾਉਣ ਲਈ vacancy ਨਹੀਂ ਦਿਖਾਈ ਗਈ।</td><td rowspan="2">ਵਿਭਾਗ ਵੱਲੋਂ ਸਕੂਲਾਂ ਵਿੱਚ ਵਿਦਿਆਰਥੀਆਂ ਦੀ ਗਿਣਤੀ ਅਨੁਸਾਰ ਕਾਫੀ ਲੰਮਾ ਸਮਾਂ ਪਹਿਲਾਂ ਸਕੂਲਾਂ ਵਿੱਚ ਅਧਿਆਪਕਾਂ ਦੀਆਂ ਅਸਾਮੀਆਂ ਦੀ sanction ਜਾਰੀ ਕੀਤੀ ਗਈ ਸੀ। ਉਸ ਉਪਰੰਤ ਸਕੂਲਾਂ ਵਿੱਚ ਵਿਦਿਆਰਥੀਆਂ ਦੀ ਗਿਣਤੀ ਵਿੱਚ ਕਾਫੀ ਘਾਟਾ ਹੋਇਆ ਸੀ, ਪਿਛਲੇ 2 ਸਾਲਾਂ ਦੌਰਾਨ ਵਿਦਿਆਰਥੀਆਂ ਦੀ ਗਿਣਤੀ ਵਿੱਚ ਕਾਫੀ ਵਾਧਾ ਹੋਇਆ ਹੈ।<br>ਵਿਭਾਗ ਵੱਲੋਂ ਕੁਝ ਅਧਿਕਾਰੀਆਂ ਦੀ ਕਮੇਟੀ ਬਣਾਈ ਗਈ ਜਿਸ ਵੱਲੋਂ ਸਕੂਲ ਵਿੱਚ ਵਿਦਿਆਰਥੀਆਂ ਦੀ ਗਿਣਤੀ ਅਤੇ ਵਿੱਤ ਵਿਭਾਗ ਦੀ ਹਦਾਇਤਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਪੰਜਾਬ ਰਾਜ ਦੇ ਸਮੂਹ</td></tr>
<tr><td>2</td><td>ਕਈ ਸੀਨੀਅਰ ਸੈਕੰਡਰੀ ਸਕੂਲਾਂ ਵਿੱਚ ਅਸਾਮੀ ਭਰੀ ਹੋਈ ਹੈ, ਪਰ ਬਦਲੀ ਕਰਵਾਉਣ ਲਈ vacancy ਦਿਖਾਈ ਗਈ ਹੈ।</td></tr>
</table>

| | | |
|---|---|---|
| | | ਸਕੂਲਾਂ ਵਿੱਚ ਅਸਾਮੀਆਂ ਦੀ sanction ਨਵੇਂ ਸਿਰੇ ਤੋਂ ਤਿਆਰ ਕੀਤੀ ਗਈ ਹੈ। ਜੇਕਰ ਕਿਸੇ ਸਕੂਲ ਵਿੱਚ ਮੌਜੂਦਾ ਵਿਦਿਆਰਥੀਆਂ ਦੀ ਗਿਣਤੀ ਅਨੁਸਾਰ ਅਸਾਮੀ ਬਣਦੀ ਹੈ ਤਾਂ ਉਸ ਸਕੂਲ ਵਿੱਚ ਹੋਰ ਅਸਾਮੀ ਦਿੱਤੀ ਗਈ ਹੈ ਅਤੇ ਜੇਕਰ ਕਿਸੇ ਸਕੂਲ ਵਿੱਚ ਅਸਾਮੀ surplus ਹੈ ਅਤੇ ਖਾਲੀ ਹੈ ਤਾਂ ਉਸ ਸਕੂਲ ਵਿਖੇ vacancy ਨਹੀਂ ਦਿਖਾਈ ਗਈ। |
| 3 | ਕੁਝ ਹਾਈ ਸਕੂਲਾਂ ਵਿੱਚ ਅਸਾਮੀ ਭਰੀ ਹੋਣ ਦੇ ਬਾਵਜੂਦ vacancy ਦਿਖਾਈ ਗਈ ਹੈ। | ਵਿਭਾਗ ਨਾਲ ਕੁਝ ਮੁੱਖ ਅਧਿਆਪਕਾਂ ਅਤੇ ਪ੍ਰਿੰਸੀਪਲਾਂ ਵੱਲੋਂ ਮੀਟਿੰਗਾਂ ਦੋਰਾਨ ਮੰਗ ਕੀਤੀ ਗਈ ਕਿ ਜਦੋਂ ਕਿ ਸਕੂਲ ਵਿੱਚ ਵਿਦਿਆਰਥੀਆਂ ਦੀ ਗਿਣਤੀ ਵਿੱਚ ਵਾਧਾ ਹੋਇਆ ਹੈ, ਇਸ ਲਈ ਉਨ੍ਹਾਂ ਦੇ ਸਕੂਲ ਵਿੱਚ ਹੋਰ ਅਸਾਮੀਆਂ ਦੀ ਲੋੜ ਹੈ।<br>ਵਿਭਾਗ ਵੱਲੋਂ ਗਠਿਤ ਕਮੇਟੀ ਵੱਲੋਂ ਸਕੂਲ ਵਿੱਚ ਵਿਦਿਆਰਥੀਆਂ ਦੀ ਗਿਣਤੀ ਅਤੇ ਵਿੱਤ ਵਿਭਾਗ ਦੀ ਹਦਾਇਤਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਪੰਜਾਬ ਰਾਜ ਦੇ ਸਮੂਹ ਸਕੂਲਾਂ ਵਿੱਚ ਅਸਾਮੀਆਂ ਦੀ sanction ਤਿਆਰ ਕੀਤੀ ਹੈ ਅਤੇ ਕੁਝ ਸਕੂਲਾਂ ਵਿੱਚ ਅਸਾਮੀਆਂ ਵਿੱਚ ਵਾਧਾ ਹੋਇਆ ਹੈ। |
| 4 | ਪੋਰਟਲ ਤੇ ਬਦਲੀ ਲਈ ਮਿਡਲ ਸਕੂਲਾਂ ਵਿੱਚ vacancy ਨਹੀਂ ਦਿਖਾਈ ਗਈ। | ਮਿਡਲ ਸਕੂਲਾਂ ਦਾ ਸੰਚਾਲਨ ਨੇੜੇ ਦੇ ਸੀਨੀਅਰ ਸੈਕੰਡਰੀ ਸਕੂਲਾਂ ਵੱਲੋਂ ਕੀਤਾ ਜਾਂਦਾ ਹੈ ਅਤੇ ਉਨ੍ਹਾਂ ਦਾ ਡੀ.ਡੀ.ਓ ਵੀ ਨੇੜੇ ਦੇ ਸਕੂਲ ਦਾ ਪ੍ਰਿੰਸੀਪਲ ਹੀ ਹੁੰਦਾ ਹੈ। ਇਸ ਲਈ ਵਿਦਿਆਰਥੀਆਂ ਦੀ ਗਿਣਤੀ ਅਤੇ ਵਿਤ ਵਿਭਾਗ ਦੀਆਂ ਹਦਾਇਤਾਂ ਅਨੁਸਾਰ ਮਿਡਲ ਸਕੂਲ ਦੀਆਂ ਸਾਰੀਆਂ ਮਨਜ਼ੂਰਸ਼ੁਦਾ ਅਸਾਮੀਆਂ ਨੂੰ ਸਬੰਧਤ ਸੀਨੀਅਰ ਸੈਕੰਡਰੀ ਸਕੂਲਾਂ ਦੀਆਂ ਮਨਜ਼ੂਸ਼ੁਦਾ ਅਸਾਮੀਆਂ ਵਿੱਚ ਸ਼ਾਮਿਲ ਕਰਕੇ ਦਿਖਾਇਆ ਗਿਆ ਹੈ। |
| 5 | ਅੰਗਰੇਜੀ ਵਿਸ਼ੇ ਦੀ vacancy ਬਹੁਤ ਘੱਟ ਦਿਖਾਈ ਗਈ ਹੈ। | ਵਿਭਾਗ ਦੇ ਨਵੇਂ ਨਿਯਮਾਂ ਅਨੁਸਾਰ ਸਕੂਲਾਂ ਵਿੱਚ ਅੰਗਰੇਜੀ ਵਿਸ਼ੇ ਦੀਆਂ ਅਸਾਮੀਆਂ ਦੀ ਰਚਨਾ ਕੀਤੀ ਗਈ ਹੈ। ਨਿਯਮਾਂ ਅਨੁਸਾਰ ਸਮਾਜਿਕ ਸਿੱਖਿਆ ਅਤੇ ਅੰਗਰੇਜੀ ਵਿਸ਼ੇ ਦੇ ਸਕੂਲ ਵਿੱਚ ਬਣਦੇ ਪੀਰੀਅਡਾਂ ਅਨੁਸਾਰ ਮੰਜ਼ੂਰਸ਼ੁਦਾ ਅਸਾਮੀਆਂ ਦਿੱਤੀਆਂ ਗਈਆਂ ਹਨ, ਪਰ ਜੇਕਰ ਕਿਸੇ ਸਕੂਲ ਵਿੱਚ ਪੁਰਾਣੇ ਨਿਯਮਾਂ ਅਨੁਸਾਰ ਪਹਿਲਾਂ ਹੀ ਸਮਾਜਿਕ ਸਿੱਖਿਆ |

| | | |
|---|---|---|
| | | ਵਿਸ਼ੇ ਦਾ ਕੋਈ ਅਧਿਆਪਕ ਅੰਗਰੇਜੀ ਵਿਸ਼ੇ ਦੀ ਅਸਾਮੀ ਤੇ ਕੰਮ ਕਰ ਰਿਹਾ ਹੈ ਤਾਂ ਉਸ ਸਕੂਲ ਵਿੱਚ ਅੰਗਰੇਜੀ ਵਿਸ਼ੇ ਦੀ ਅਸਾਮੀ ਨਹੀਂ ਦਿੱਤੀ ਗਈ। ਮੁੜ ਵਿਚਾਰਨ ਉਪਰੰਤ ਵਿਭਾਗ ਵੱਲੋਂ ਮਿਤੀ 27.02.2021 ਨੂੰ ਕੁਝ ਸਕੂਲਾਂ ਵਿੱਚ ਲੋੜ ਅਨੁਸਾਰ ਅੰਗਰੇਜੀ ਵਿਸ਼ੇ ਦੀਆਂ ਅਸਾਮੀਆਂ ਦਿੱਤੀਆਂ ਹਨ, ਅਧਿਆਪਕ ਪੋਰਟਲ ਤੇ ਉਨ੍ਹਾਂ ਵਿਰੁਧ ਵੀ ਅਪਲਾਈ ਕਰ ਸਕਦੇ ਹਨ। |
| 6 | ਬਦਲੀ ਲਈ Station Choice ਦੇਣ ਸਮੇਂ Mutual transfer ਦੀ option ਨਹੀਂ ਆ ਰਹੀ। | ਜਿਨ੍ਹਾਂ ਦਰਖਾਸਤਕਰਤਾਵਾਂ ਵੱਲੋਂ ਬਦਲੀ ਕਰਵਾਉਣ ਦੇ ਮੰਤਵ ਨਾਲ ਆਪਣੇ ਵੇਰਵੇ ਪੋਰਟਲ ਤੇ ਭਰੇ ਗਏ ਹਨ ਉਨ੍ਹਾਂ ਵਿੱਚੋ Mutual transfer ਦੀਆਂ ਪ੍ਰਤੀ ਬੇਨਤੀਆਂ ਬਦਲੀਆਂ ਦੇ ਦੋ ਗੇੜ ਮੁਕਮਲ ਹੋਣ ਉਪਰੰਤ ਕਾਰਵਾਈ ਕੀਤੀ ਜਾਵੇਗੀ। |
| 7 | ਵੱਖ-ਵੱਖ ਜਿਲਿਆਂ ਵਿੱਚ ਕੰਮ ਕਰਕ ਰਹੇ ਐਚ.ਟੀ ਅਤੇ ਸੀ.ਐਚ.ਟੀ ਵੱਲੋਂ ਸੁਝਾਵ ਦਿੱਤੇ ਜਾ ਰਹੇ ਹਨ ਕਿ ਜਿਲੇ ਵਿੱਚ promotion quota ਵਿਰੁਧ ਸਿੱਧੀ ਭਰਤੀ ਰਾਹੀਂ ਨਿਯੁਕਤ ਕੀਤੇ ਗਏ ਐਚ.ਟੀ ਅਤੇ ਸੀ.ਐਚ.ਟੀ ਦੀ ਅੰਤਰ ਜਿਲਾ ਤਬਾਦਲਾ ਨਾ ਕੀਤਾ ਜਾਵੇ। | ਸਿੱਧੀ ਭਰਤੀ ਰਾਹੀਂ ਭਰਤੀ ਹੋਏ ਐਚ.ਟੀ ਅਤੇ ਸੀ.ਐਚ.ਟੀ ਦੀ ਜੇਕਰ ਅੰਤਰ ਜਿਲਾ ਬਦਲੀ ਹੁੰਦੀ ਹੈ ਅਤੇ ਜਿਸ ਜਿਲੇ ਵਿੱਚ ਬਦਲੀ ਹੋਈ ਹੈ, ਉਸ ਜਿਲੇ ਵਿੱਚ ਜੇਕਰ ਸਿੱਧੀ ਭਰਤੀ ਦੇ quota ਦੀਆਂ ਅਸਾਮੀਆਂ ਪਹਿਲਾਂ ਹੀ ਪੂਰੀਆਂ ਭਰੀਆਂ ਹੋਇਆਂ ਹਨ ਤਾਂ ਇਹ ਬਦਲੀ ਲਾਗੂ ਨਹੀਂ ਹੋਵੇਗੀ। |
| 8 | ਕੁਝ ਅਧਿਆਪਕਾਂ ਵੱਲੋਂ ਮੰਗ ਕੀਤੀ ਜਾ ਰਹੀ ਹੈ ਕਿ vacancy ਮਿਤੀ 31.03.2021 ਤੱਕ ਖਾਲੀ ਹੋ ਰਹਿਆਂ ਅਸਾਮੀਆਂ ਨੂੰ ਸ਼ਾਮਿਲ ਕਰਕੇ ਪੋਰਟਲ ਤੇ ਬਦਲੀ ਲਈ ਦਿਖਾਈ ਜਾਵੇ। | ਵਿਭਾਗ ਵੱਲੋਂ ਪਹਿਲਾਂ ਹੀ ਮਿਤੀ 31.03.2021 ਤੱਕ ਖਾਲੀ ਹੋ ਰਹੀਆਂ ਅਸਾਮੀਆਂ ਨੂੰ ਸ਼ਾਮਿਲ ਕਰਨ ਉਪਰੰਤ ਹੀ ਕੁਲ ਉਪਲਬਧ ਖਾਲੀ ਅਸਾਮੀਆਂ ਦਰਸ਼ਾਈਆਂ ਗਈਆਂ ਹਨ।ਪਰ ਜੇਕਰ ਸਕੂਲ ਵਿੱਚ ਅਸਾਮੀ ਸਰਪਲਸ ਹੈ ਤਾਂ ਉਹ ਅਸਾਮੀ ਨਹੀਂ ਦਿਖਾਈ ਗਈ। |

**ਸਕੂਲਾਂ ਵਿੱਚ ਨਵੀਆਂ ਮਨਜੂਰਸ਼ੁਦਾ ਅਸਾਮੀਆਂ ਈ-ਪੰਜਾਬ ਸਕੂਲ ਪੋਰਟਲ ਤੇ ਅਪਲੋਡ ਕਰ ਦਿੱਤਾ ਗਿਆ ਹੈ।**

ਸਮੂਹ ਅਧਿਆਪਕਾਂ ਨੂੰ ਨੋਟ ਕਰਵਾਉਣਾ ਯਕੀਨੀ ਬਣਾਇਆ ਜਾਵੇ।

**ਡਾਇਰੈਕਟਰ ਸਿੱਖਿਆ ਵਿਭਾਗ (ਸੈ.ਸਿੱ), ਪੰਜਾਬ।**

ਪਿੱਠ ਅੰਕਣ ਨੰ: ਉਕਤ ਮਿਤੀ: 27.02.2021

ਉਪਰੋਕਤ ਦਾ ਉਤਾਰਾ ਡਿਪਟੀ ਮੈਨੇਜਰ ਐਮ.ਆਈ.ਐਸ ਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿ ਜੇਕਰ ਸਾਫਟਵੇਅਰ ਵਿੱਚ ਕਿਸੇ ਤਬਦੀਲੀ ਦੀ ਲੋੜ ਹੈ ਤਾਂ ਕਰ ਲਈ ਜਾਵੇ।

**ਡਾਇਰੈਕਟਰ ਸਿੱਖਿਆ ਵਿਭਾਗ (ਸੈ.ਸਿੱ), ਪੰਜਾਬ।**